U.S. ਨਿਆਂ ਵਿਭਾਗ ਕਮਿਉਨਿਟੀ ਰਿਲੇਸ਼ਨਸ ਸਰਵਿਸ

# ਅਮਰੀਕਨ ਇੰਡੀਅਨ ਅਤੇ ਅਲਾਸਕਾ ਦੇ ਮੂਲ ਭਾਈਚਾਰਿਆਂ ਨਾਲ ਕੰਮ ਕਰਦਿਆਂ

## ਟਕਰਾਅ ਅਤੇ ਤਣਾਅ ਦਾ ਹੱਲ ਕਰਨ ਲਈ

ਜਦੋਂ ਅਮਰੀਕਨ ਇੰਡੀਅਨਾਂ ਜਾਂ ਅਲਾਸਕਾ ਦੇ ਮੂਲ ਲੋਕਾਂ ਅਤੇ ਆਸ-ਪਾਸ ਦੇ ਭਾਈਚਾਰਿਆਂ ਵਿਚਕਾਰ ਵਿਵਾਦ ਜਾਂ ਤਣਾਅ ਪੈਦਾ ਹੁੰਦੇ ਹਨ, ਤਾਂ ਸਾਂਝੀ ਸਮਝ ਬਣਾਉਣ ਲਈ ਅਤੇ ਭਾਈਚਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ U.S. ਨਿਆਂ ਵਿਭਾਗ ਕਮਿਉਨਿਟੀ ਰਿਲੇਸ਼ਨਸ ਸਰਵਿਸ (CRS) ਅਲੱਗ-ਅਲੱਗ ਧਿਰਾਂ ਨਾਲ ਕੰਮ ਕਰਦੀ ਹੈ ਅਤੇ ਇਹਨਾਂ ਨੂੰ ਇਕੱਠਿਆਂ ਕਰਦੀ ਹੈ – ਜਿਸ ਵਿੱਚ ਸੰਘੀ, ਪ੍ਰਾਂਤਕੀ, ਅਤੇ ਸਥਾਨਕ ਅਧਿਕਾਰੀ ਵੀ ਸ਼ਾਮਲ ਹਨ; ਕਬਾਇਲੀ ਨੇਤਾ; ਕਾਨੂੰਨ ਲਾਗੂ ਕਰਨ ਵਾਲੇ; ਨਾਗਰਿਕ ਅਧਿਕਾਰ ਗਰੁੱਪ; ਅਤੇ ਹੋਰ। CRS ਪਾਰਟੀਆਂ ਨੂੰ ਆਪਸੀ ਸਹਿਮਤੀ ਵਾਲੇ ਹੱਲ ਵਿਕਸਤ ਕਰਨ ਅਤੇ ਭਵਿੱਖ ਦੇ ਵਿਵਾਦਾਂ ਨੂੰ ਰੋਕਣ ਅਤੇ ਹੱਲ ਕਰਨ ਲਈ ਸਥਾਨਕ ਸਮਰੱਥਾ ਬਣਾਉਣ ਲਈ ਬੁਨਿਆਦੀ ਮੁੱਦਿਆਂ ਦੀ ਪਛਾਣ ਕਰਨ ਵਿੱਚ ਵੀ ਮਦਦ ਕਰਦਾ ਹੈ।




▼ 1964 ਦੇ ਸਿਵਲ ਅਧਿਕਾਰ ਅਧਿਨਿਯਮ ਦੇ ਸਿਰਲੇਖ X ਅਤੇ ਮੈਥਿਊ ਸ਼ੈਪਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤੀ ਅਪਰਾਧ ਰੋਕਥਾਮ ਐਕਟ ਅਧੀਨ CRS ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੀਆਂ ਭਿੰਨਤਾਵਾਂ ਦੇ ਆਧਾਰ 'ਤੇ ਪੈਦਾ ਹੋਣ ਵਾਲੇ ਭਾਈਚਾਰਕ ਟਕਰਾਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। CRS ਕੋਲ ਕਾਨੂੰਨ ਲਾਗੂ ਕਰਨ ਵਾਲਾ ਜਾਂ ਮੁਕੱਦਮਾ ਕਰਨ ਦੀ ਤਾਕਤ ਨਹੀਂ ਹੈ। ਇਸ ਦੀ ਬਜਾਏ, CRS ਰਿਸ਼ਤਿਆਂ ਨੂੰ ਮੁੜ ਬਣਾਉਣ ਵਿੱਚ ਮਦਦ ਕਰਨ, ਆਪਸੀ ਸਮਝ ਵਿਕਸਤ ਕਰਨ ਵਿੱਚ ਮਦਦ ਲਈ, ਅਤੇ ਸਥਾਨਕ ਹੱਲਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਟਕਰਾਅ ਵਾਲੇ ਭਾਈਚਾਰਿਆਂ ਨਾਲ ਕੰਮ ਕਰਦਾ ਹੈ।

### CRS ਭਾਈਚਾਰਿਆਂ ਨੂੰ ਚਾਰ ਖਾਸ ਕਿਸਮ ਦੀਆਂ ਸੇਵਾਵਾਂ ਦਿੰਦਾ ਹੈ ▼

**ਗੱਲਬਾਤ ਕਰਵਾਉਣ ਵਿੱਚ ਮਦਦ:** CRS ਭਾਈਚਾਰਕ ਭਾਗੀਦਾਰਾਂ ਵਿਚਕਾਰ ਗੱਲਬਾਤ ਹੋਣ ਵਿੱਚ ਮਦਦ ਕਰਦਾ ਹੈ ਤਾਂ ਜੋ ਪਾਰਟੀਆਂ ਵਿਚਕਾਰ ਸੰਚਾਰ ਦੀਆਂ ਲਾਈਨਾਂ ਖੋਲ੍ਹੀਆਂ ਜਾ ਸਕਣ। ਆਮ ਤੌਰ 'ਤੇ ਸੰਬੋਧਿਤ ਹੋਣ ਵਾਲੇ ਵਿਸ਼ਿਆਂ ਵਿੱਚ ਕਥਿਤ ਵਿਤਕਰਾ, ਪੁਲਿਸ-ਭਾਈਚਾਰੇ ਦੇ ਸਬੰਧ, ਨਫ਼ਰਤੀ ਅਪਰਾਧ ਅਤੇ ਨਫ਼ਰਤ ਦੀਆਂ ਘਟਨਾਵਾਂ, ਕਬਾਇਲੀ ਟਕਰਾਅ, ਵਿਰੋਧ ਅਤੇ ਪ੍ਰਦਰਸ਼ਨ, ਅਤੇ ਭਾਈਚਾਰੇ ਦੇ ਮੈਂਬਰਾਂ ਲਈ ਮਹੱਤਵਪੂਰਨ ਹੋਰ ਮੁੱਦੇ ਸ਼ਾਮਲ ਹੁੰਦੇ ਹਨ।

**ਵਿਚੋਲਗੀ:** CRS ਭਾਗੀਦਾਰਾਂ ਵਿਚਕਾਰ ਆਹਮੋ-ਸਾਹਮਣੇ ਦੀ ਗੱਲਬਾਤ ਰਾਹੀਂ ਭਾਈਚਾਰਿਆਂ ਨੂੰ ਝਗੜਿਆਂ ਅਤੇ ਤਣਾਅ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਵਿਚੋਲਗੀ ਸੇਵਾਵਾਂ ਪ੍ਰਦਾਨ ਕਰਾਉਂਦੀ ਹੈ। ਵਿਚੋਲਗੀ ਦਾ ਟੀਚਾ ਹੈ ਭਾਈਚਾਰੇ ਦੇ ਮੈਂਬਰਾਂ ਵਿਚਕਾਰ ਅਜਿਹੇ ਸਮਝੌਤਿਆਂ ਦਾ ਵਿਕਾਸ ਕਰਨਾ ਜੋ ਵਿਸ਼ਵਾਸ ਵਿੱਚ ਵਾਧਾ ਕਰਦੇ ਹਨ, ਭਾਈਚਾਰਕ ਭਾਈਵਾਲੀਆਂ ਵਿੱਚ ਸੁਧਾਰ ਕਰਦੇ ਹਨ, ਅਤੇ ਭਵਿੱਖ ਦੇ ਟਕਰਾਵਾਂ ਦੀ ਰੋਕਥਾਮ ਕਰਨ ਅਤੇ ਇਹਨਾਂ ਦਾ ਹੱਲ ਕਰਨ ਲਈ ਸਥਾਨਕ ਸਮਰੱਥਾ ਦਾ ਨਿਰਮਾਣ ਕਰਦੇ ਹਨ।

**ਸਿਖਲਾਈ:** CRS ਸਿਖਲਾਈ ਪ੍ਰੋਗਰਾਮ ਰਾਜ ਅਤੇ ਸਥਾਨਕ ਸਰਕਾਰੀ ਏਜੰਸੀਆਂ, ਵਿਸ਼ਵਾਸ-ਅਧਾਰਿਤ ਸੰਸਥਾਵਾਂ, ਕਾਨੂੰਨ ਲਾਗੂ ਕਰਨ ਵਾਲੇ, ਵਕਾਲਤ ਸਮੂਹਾਂ, ਅਤੇ ਹੋਰ ਸਮੂਹਾਂ ਦੇ ਪ੍ਰਤੀਨਿਧਾਂ ਨੂੰ ਸਾਂਝੀ ਸਮਝ ਵਿਕਸਿਤ ਕਰਨ ਅਤੇ ਭਾਈਚਾਰਕ ਟਕਰਾਅ ਨੂੰ ਘਟਾਉਣ ਲਈ ਸਹਿਯੋਗੀ ਪਹੁੰਚਾਂ ਦੀ ਪਛਾਣ ਕਰਨ ਲਈ ਇਕੱਠੇ ਕਰਦੇ ਹਨ।

**ਸਲਾਹ:** CRS ਟਕਰਾਅ ਦੇ ਹੱਲ ਲਈ ਭਾਈਚਾਰਿਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਮਦਦ ਕਰਨ ਲਈ ਸਲਾਹ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ। ਇਹਨਾਂ ਸੇਵਾਵਾਂ ਵਿੱਚ ਮਨੁੱਖੀ ਸੰਬੰਧ ਕਮਿਸ਼ਨਾਂ ਬਣਾਉਣ ਵਿੱਚ ਤਕਨੀਕੀ ਸਹਾਇਤਾ ਸ਼ਾਮਲ ਹੈ; ਅਲੱਗ-ਅਲੱਗ ਭਾਈਚਾਰਿਆਂ ਨਾਲ ਜੁੜਨ ਅਤੇ ਸੰਚਾਰ, ਵਿਵਾਦ ਦੇ ਹੱਲ, ਅਤੇ ਸਾਂਝੇ ਸਮੱਸਿਆ-ਹੱਲ ਕਰਨ ਦੇ ਮੁੱਦਿਆਂ 'ਤੇ ਸਭ ਤੋਂ ਬਿਹਤਰ ਤਰੀਕਿਆਂ ਦੀ ਜਾਣਕਾਰੀ।

CRS ਕਬਾਇਲੀ ਭਾਈਚਾਰਿਆਂ ਦੀ ਇਹਨਾਂ ਤਰੀਕਿਆਂ ਨਾਲ ਸਹਾਇਤਾ ਕਰਦਾ ਹੈ:

- ਕਬਾਇਲੀ ਜ਼ਮੀਨਾਂ ਦੀ ਵਰਤੋਂ ਨਾਲ ਜੁੜੇ ਵਿਵਾਦਾਂ ਵਿੱਚ ਵਿਚੋਲਗੀ ਕਰਨਾ, ਜਿਸ ਵਿੱਚ ਪਵਿੱਤਰ ਮੂਲ ਸਥਾਨਾਂ 'ਤੇ ਜਾਂ ਆਲੇ ਦੁਆਲੇ ਵਾਤਾਵਰਣ ਉੱਪਰ ਕਬਜਾ ਜਾਂ ਵਿਕਾਸ ਸ਼ਾਮਲ ਹਨ।
- ਜਾਤੀਗਤ ਪ੍ਰੋਫਾਈਲਿੰਗ ਜਾਂ ਨਫ਼ਰਤੀ ਅਪਰਾਧ ਸਮਝੇ ਜਾਣ ਵਾਲੇ ਮਸਲਿਆਂ ਨੂੰ ਹੱਲ ਕਰਨ ਲਈ ਕਬਾਇਲੀ ਆਗੂਆਂ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਲੋਕਾਂ ਵਿਚਕਾਰ ਸੰਵਾਦ ਵਿੱਚ ਮਦਦ ਕਰਨਾ
- ਸੁਰੱਖਿਅਤ ਜਨਤਕ ਸਮਾਗਮਾਂ ਦੀ ਯੋਜਨਾ ਬਣਾਉਣ ਬਾਰੇ ਪ੍ਰਦਰਸ਼ਨ ਪ੍ਰਬੰਧਕਾਂ ਦੀ ਸਿਖਲਾਈ
- ਇੰਡੀਅਨਾਂ ਦੇ ਖੇਤਰ ਵਿੱਚ ਸੰਚਾਰ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕਬਾਇਲੀ ਆਗੂਆਂ ਅਤੇ ਸੰਘੀ ਅਤੇ ਰਾਜ ਏਜੰਸੀਆਂ ਵਿਚਕਾਰ ਗੱਲਬਾਤ ਵਿੱਚ ਮਦਦ ਕਰਨੀ

## CRS ਬਾਰੇ

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ X ਰਾਹੀਂ ਸਥਾਪਿਤ ਅਤੇ ਮੈਥਿਊ ਸ਼ਹਿਪਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤ ਅਪਰਾਧ ਰੋਕਥਾਮ ਐਕਟ ਦੁਆਰਾ ਵਿਸਤਾਰ ਕੀਤਾ ਗਿਆ, CRS ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੇ ਭਿੰਨਤਾਵਾਂ ਦੇ ਆਧਾਰ 'ਤੇ ਤਣਾਅ ਜਾਂ ਟਕਰਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ "ਅਮਰੀਕਾ ਦੇ ਪੀਸਮੇਕਰ" ਵਜੋਂ ਕੰਮ ਕਰਦਾ ਹੈ। CRS ਸੇਵਾਵਾਂ ਦਾ ਉਦੇਸ਼ ਸਮੱਸਿਆ ਹੱਲ ਕਰਨ, ਵਧੇ ਹੋਏ ਗਿਆਨ, ਅਤੇ ਸੁਧਰੇ ਹੋਏ ਸੰਚਾਰ ਦੀ ਵਰਤੋਂ ਰਾਹੀਂ ਭਵਿੱਖੀ ਟਕਰਾਵਾਂ ਨੂੰ ਸੁਤੰਤਰ ਅਤੇ ਸਹਿਯੋਗੀ ਤੌਰ 'ਤੇ ਰੋਕਣ ਅਤੇ ਹੱਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਯੋਗਤਾ ਨੂੰ ਵਧਾਉਣਾ ਹੈ।

## CRS ਸੇਵਾਵਾਂ ਅਤੇ ਪ੍ਰੋਗਰਾਮ

CRS ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਨੂੰ ਪ੍ਰੋਗਰਾਮਾਂ ਦੀ ਇੱਕ ਲੜੀ ਮੁਹੱਈਆ ਕਰਾਉਂਦਾ ਹੈ ਜੋ ਸਮਝ ਪੈਦਾ ਕਰਦੇ ਹਨ, ਸਹਿਯੋਗ ਨੂੰ ਬਿਹਤਰ ਬਣਾਉਂਦੇ ਹਨ, ਅਤੇ ਭਵਿੱਖ ਦੇ ਟਕਰਾਅ ਨੂੰ ਰੋਕਦੇ ਹਨ। CRS ਦਾ ਸਟਾਫ ਪੇਸ਼ੇਵਰ ਵਿਚੋਲੇ, ਫੈਸਿਲੀਟੇਟਰ, ਟ੍ਰੇਨਰ, ਅਤੇ ਸਲਾਹਕਾਰ ਹਨ ਜਿਹਨਾਂ ਨੂੰ ਮੌਜੂਦਾ ਟਕਰਾਅ ਨੂੰ ਸੁਲਝਾਉਣ ਅਤੇ ਭਵਿੱਖ ਦੇ ਟਕਰਾਵਾਂ ਨੂੰ ਰੋਕਣ ਲਈ ਉਹਨਾਂ ਦੀ ਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਨ ਲਈ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਲਿਆਉਣ ਦਾ ਤਜ਼ਰਬਾ ਹੈ।

## ਅਸੀਂ ਕਿੱਥੇ ਕੰਮ ਕਰਦੇ ਹਾਂ

- ਨਿਊ ਇੰਗਲੈਂਡ ਖੇਤਰ
- ਉੱਤਰ-ਪੂਰਬੀਖੇਤਰ
- ਮਿਡ-ਅਟਲਾਂਟਿਕ ਖੇਤਰ
- ਦੱਖਣ-ਪੂਰਬੀ ਖੇਤਰ
- ਮੱਧ-ਪੱਛਮੀ ਖੇਤਰ
- ਦੱਖਣ-ਪੱਛਮੀ ਖੇਤਰ
- ਸੈਂਟਰਲ ਖੇਤਰ
- ਰਾਕੀ ਮਾਉਨਟੇਨ ਖੇਤਰ
- ਪੱਛਮੀ ਖੇਤਰ
- ਉੱਤਰ-ਪੱਛਮੀ ਖੇਤਰ
- ਫੀਲਡ ਦਫਤਰ
- ਖੇਤਰੀ ਦਫਤਰ
- CRS ਹੈੱਡਕੁਆਰਟਰ ਦਫ਼ਤਰ




## ਸਾਨੂੰ ਲੱਭੋ, ਸਾਡੇ ਨਾਲ ਜੁੜੋ

**www.justice.gov/crs**   **www.justice.gov/hatecrimes**

facebook.com/DOJCRS/   @DOJ_CRS   askcrs@usdoj.gov   202.305.2935

ਇਸ ਪ੍ਰੋਗਰਾਮ ਜਾਂ ਹੋਰ CRS ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ CRS ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices